# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 19 ਅਕਤੂਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮਰੀਜਾਂ ਨੂੰ ਆਪਣੇਪਣ ਦਾ ਅਹਿਸਾਸ ਕਰਾਉਣ ਦੇ ਨਾਲ ਵਧੀਆ ਸਿਹਤ ਸਹੂਲਤਾਂ ਦੇਣ ਲਈ ਵਚਬੱਧ ਹੈ ਬਠਿੰਡਾ ਦਾ ਪਾਰਕ ਹਸਪਤਾਲ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ, 19 ਅਕਤੂਬਰ : ਡਾਕਟਰੀ ਪੇਸ਼ਾ ਨਿਰੋਲ ਸੇਵਾ ਭਾਵਨਾ ਨਾਲ ਜੁੜਿਆ ਹੋਣ ਕਾਰਨ ਬਿਨਾ ਸ਼ੱਕ ਡਾਕਟਰ ਨੂੰ ਦੂਜਾ ਰੱਬ ਦਾ ਨਾਮ ਦਿੱਤਾ ਜਾਂਦਾ ਹੈਂ। ਜਿੱਥੋਂ ਤੱਕ ਸੁਣਿਆਂ ਜਾਂਦਾ ਹੈ ਕਿ ਡਾਕਟਰ ਨੂੰ ਪੜ੍ਹਾਈ ਦੋਰਾਨ ਇਹ ਨਿਸ਼ਚਾ ਕਰਵਾਇਆ ਜਾਂਦਾ ਹੈ ਕਿ ਕਿਸੇ ਵੀ ਮਰੀਜ਼ ਦਾ ਇਲਾਜ਼ ਕਰਦੇ ਸਮੇਂ ਹਰ ਤਰਾਂ ਦਾ ਵੈਰ ਵਿਰੋਧ ਅਤੇ ਨਿੱਜ਼ੀ ਲਾਲਚ ਆਦਿ ਨੂੰ ਪਾਸੇ ਰਖਦੇ ਹੋਏ ਪੂਰਨ ਸਮਰਪਣ ਅਤੇ ਸੇਵਾ ਭਾਵ ਨਾਲ ਆਏ ਹਰ ਮਰੀਜ਼ ਦਾ ਇਲਾਜ਼ ਕੀਤਾ ਜਾਣਾ ਚਾਹੀਦਾ ਹੈ। ਭਾਵੇਂ ਅੱਜਕਲ੍ਹ ਇਹਨਾਂ ਨੈਤਿਕ ਕਦਰਾਂ ਕੀਮਤਾਂ ਨੂੰ ਭੁੱਲ ਇਸ ਖਿੱਤੇ ਨਾਲ ਜੁੜੇ ਜਿਆਦਾਤਰ ਲੋਕਾਂ ਦੇ ਮਨਾ ਅੰਦਰ ਸੇਵਾ ਭਾਵਨਾ ਦੀ ਥਾਂ ਲਾਲਚ ਨੇ ਲੈ ਲਈ ਹੈ ਅਤੇ ਜਿਆਦਾਤਰ ਹਸਪਤਾਲ ਮਾਤਰ ਵਪਾਰ ਦਾ ਅੱਡਾ ਬਣ ਕੇ ਰਹਿ ਗਏ ਹਨ। ਪਰ ਅੱਜ ਵੀ ਕੁੱਝ ਐਸੇ ਹਸਪਤਾਲ ਅਤੇ ਡਾਕਟਰ ਹਨ ਜਿਹੜੇ ਅਸਲ ਮਾਇਨੇ ਚ ਇਸ ਸੇਵਾ ਭਾਵਨਾ ਦੇ ਪੇਸ਼ੇ ਦੀਆਂ ਅਸਲ ਕਦਰਾਂ ਕੀਮਤਾਂ ਤੇ ਪਹਿਰਾ ਦਿੰਦੇ ਹਨ।

ਕੁੱਝ ਅਜਿਹਾ ਹੀ ਦੇਖਣ ਨੂੰ ਮਿਲਦਾ ਹੈ ਮਾਨਸਾ ਰੋਡ ਬਠਿੰਡਾ ਸਥਿੱਤ ਪਾਰਕ ਹਸਪਤਾਲ ਵਿੱਚ। ਦੱਸਣਾ ਬਣਦਾ ਹੈ ਕਿ ਇਸ ਹਸਪਤਾਲ ਦੀ ਮੈਨੇਜਮੈਂਟ ਜਿਹਨਾਂ ਵਿੱਚ ਸੀ ਈ ਓ ਸ੍ਰੀ ਗੁਰਜੀਤ ਰੋਮਾਣਾ ਮੈਨੇਜਿੰਗ ਡਇਰੈਕਟਰ ਡਾ ਸੁਸ਼ੀਲ ਗਰਗ ਆਦਿ ਦੀ ਯੋਗ ਅਗਵਾਈ ਅਤੇ ਨਿਊਰੋ ਸਰਜਨ ਡਾ. ਸੌਰਬ ਗੁਪਤਾ ਜਿਹੇ ਕਾਬਿਲ ਡਾਕਟਰਾਂ ਦੀ ਦੇਖਰੇਖ ਅਤੇ ਨਿਗਰਾਨੀ ਹੇਠ ਹਰ ਛੋਟੇ ਤੋਂ ਲੈਕੇ ਵੱਡੇ ਅਹੁਦੇ ਤੇ ਕੰਮ ਕਰ ਰਿਹਾ ਹਰ ਵਰਕਰ ਪੂਰੇ ਸਮਰਪਣ ਅਤੇ ਸੇਵਾ ਭਾਵਨਾ ਨਾਲ ਹਰ ਮਰੀਜ਼ ਨਾਲ ਪੂਰੇ ਆਪਣੇਪਣ ਦਾ ਵਿਉਹਾਰ ਕਰਦਾ ਹੈ। ਸਾਡੇ ਇਸ ਪੱਤਰਕਾਰ ਨੇ ਜਦੋਂ ਇਸ ਹਸਪਤਾਲ ਦਾ ਦੌਰਾ ਕੀਤਾ ਤਾਂ ਰੀਸੈਪਸ਼ਨ ਤੋਂ ਲੈਕੇ ਹਰ ਵਾਰਡ ਅਤੇ ਓਪਰੇਸ਼ਨ ਥੀਏਟਰ ਤੱਕ ਹਰ ਵਰਗ ਦਾ ਮੁਲਾਜ਼ਮ ਮਰੀਜਾਂ ਨਾਲ ਗ਼ਜ਼ਬ ਦੇ ਅਪਣੱਤ ਅਤੇ ਪਿਆਰ ਭਰੇ ਲਹਿਜ਼ੇ ਨਾਲ ਪੇਸ਼ ਆਉਂਦਾ ਦਿਖਾਈ ਦਿੱਤਾ। ਵਾਰਡਾਂ ਵਿੱਚ ਨਰਸਾਂ ਦੇ ਤੌਰ ਤੇ ਕੰਮ ਕਰਨ ਵਾਲੀਆਂ ਬੱਚੀਆਂ ਇੱਥੇ ਦਾਖਲ ਮਰੀਜਾਂ ਨੂੰ ਆਪਣੇ ਮਾਂ ਬਾਪ ਦੀ ਤਰ੍ਹਾਂ ਸਾਂਭ ਸੰਭਾਲ ਕਰਦੀਆਂ ਇਸ ਮਤਲਬੀ ਦੁਨੀਆਂ ਤੋਂ ਕਿਸੇ ਹੋਰ ਹੀ ਦੁਨੀਆਂ ਵਿੱਚ ਪੁੱਜੇ ਹੋਣ ਦਾ ਭੁਲੇਖਾ ਪਾਉਂਦੀਆਂ ਹਨ।ਇਸ ਬਾਰੇ ਗੱਲ ਕਰਦਿਆਂ ਮੰਜੂ, ਅਮਨ ਆਦਿ ਬੱਚੀਆਂ ਨੇ ਕਿਹਾ ਕਿ ਸਾਡੇ ਸੀਨੀਅਰਜ਼ ਨੇ ਸਾਨੂੰ ਇਹੀ ਸਮਝਾਇਆ ਹੈ ਕਿ ਇੱਥੇ ਆਉਣ ਵਾਲ਼ੇ ਹਰ ਮਰੀਜ਼ ਨੂੰ ਆਪਣੇ ਮਾਂ ਬਾਪ ਜਾਂ ਭੈਣ ਭਾਈ ਦੀ ਤਰ੍ਹਾਂ ਸਮਝ ਉਹਨਾਂ ਨਾਲ ਪੂਰੇ ਪਿਆਰ ਨਾਲ ਪੇਸ਼ ਆਉਣਾ ਹੈ। ਇਸਤੋਂ ਬਿਨਾਂ ਇੱਥੇ ਕੰਮ ਕਰਨ ਵਾਲ਼ੇ ਵਾਰਡ ਬੁਆਏ ਵੀ ਬਿਨਾ ਮੱਥੇ ਵਟ ਪਾਏ ਅਤੇ ਬਿਨਾ ਕਿਸੇ ਹਿਚਕਿਚਾਹਟ ਮਰੀਜਾਂ ਦਾ ਮਲ਼ ਮੂਤਰ ਚੁੱਕਦੇ ਦੇਖੇ ਗਏ।

ਮਰੀਜਾਂ ਨੂੰ ਉਹਨਾ ਦੀ ਡਾਈਟ ਚਾਰਟ ਮੁਤਾਬਿਕ ਮਿਲਣ ਵਾਲ਼ਾ ਖਾਣ ਪੀਣ ਦਾ ਸਮਾਨ ਵੀ ਸਾਫ਼ ਸੁਥਰਾ ਅਤੇ ਉੱਤਮ ਕੁਆਲਟੀ ਦਾ ਦਿੱਤਾ ਜਾਂਦਾ ਹੈ। ਇਸਤੋਂ ਇਲਾਵਾ ਇਸ ਹਸਪਤਾਲ਼ ਦੀ ਐੱਚ ਆਰ ਟੀਮ ਵੱਲੋਂ ਮਰੀਜਾਂ ਅਤੇ ਨਾਲ ਆਏ ਵਾਰਿਸਾਂ ਤੋਂ ਹਸਪਤਾਲ ਦੀਆਂ ਸੇਵਾਵਾਂ ਸਬੰਧੀ ਸਵੇਰ ਸ਼ਾਮ ਲਿਆ ਜਾਣ ਵਾਲਾ ਫੀਡ ਬੈਕ ਵੀ ਇੱਕ ਚੰਗਾ ਉਪਰਾਲਾ ਹੈ।

## ਯੂਨੀਫਾਈਡ ਬਾਸਕਟਬਾਲ ਅਤੇ ਪਾਵਰ-ਲਿਫਟਿੰਗ ਨੈਸ਼ਨਲ ਚੈਂਪੀਅਨਸ਼ਿਪ: 2025-26 ਵਿੱਚ ਪੰਜਾਬ ਦਾ ਸ਼ਾਨਦਾਰ ਪ੍ਰਦਰਸ਼ਨ

### ਦੋਵੇਂ ਟੀਮਾਂ (ਮੁੰਡੇ/ਕੁੜੀਆਂ) ਵਿੱਚ ਸ਼ਾਮਲ ਰਹੇ ਪ੍ਰਭ ਆਸਰਾ, ਕੁਰਾਲ਼ੀ ਦੇ 10 ਖਿਡਾਰੀ

ਵਰਲਡ ਪੰਜਾਬੀ ਟਾਈਮਜ਼ ਰੋਮੀ ਘੜਾਮਾਂ




ਕੁਰਾਲ਼ੀ: 19 ਅਕਤੂਬਰ : 05 ਤੋਂ 09 ਅਕਤੂਬਰ ਨੂੰ ਕੇਟੀ-ਗਲੋਬਲ ਸਕੂਲ, ਖੁਰਦਾ (ਉੜੀਸਾ) ਵਿਖੇ ਹੋਈ ਨੈਸ਼ਨਲ ਬਾਸਕਟਬਾਲ ਚੈਂਪੀਅਨਸ਼ਿਪ: 2025-26 ਵਿੱਚ ਅਲੱਗ-ਅਲੱਗ ਰਾਜਾਂ ਦੀਆਂ ਟੀਮਾਂ ਨੇ ਹਿੱਸਾ ਲਿਆ। ਜਿਸ ਲਈ 'ਟੀਮ ਪੰਜਾਬ' ਦੀ ਤਿਆਰੀ ਲਈ ਪ੍ਰਭ ਆਸਰਾ ਵਿਖੇ ਅਭਿਆਸ ਕੈਂਪ ਲਗਵਾਇਆ ਗਿਆ ਸੀ। ਜਿੱਥੇ ਹੋਣਹਾਰ ਕੋਚਾਂ ਬੀਬੀ ਰਾਜਿੰਦਰ ਕੌਰ, ਵਿਜੇ ਕੁਮਾਰ ਫਰੀਦਕੋਟ, ਮਾਣਿਕ ਠਾਕੁਰ ਅਤੇ ਰਮਨਦੀਪ ਵੱਲੋਂ ਸਖ਼ਤ ਟ੍ਰੇਨਿੰਗ ਕਰਵਾਈ ਗਈ। ਜਿਸ ਦੌਰਾਨ ਕੀਤੀ ਮਿਹਨਤ ਸਦਕਾ ਬੱਚਿਆਂ ਨੇ ਵਿਰੋਧੀ ਟੀਮਾਂ ਨਾਲ਼ ਫਸਵੇਂ ਮੁਕਾਬਲੇ ਕੀਤੇ। ਪੜਾਅ-ਦਰ-ਪੜਾਅ ਚੱਲੇ ਉਕਤ ਮੁਕਾਬਲਿਆਂ ਵਿੱਚ ਪੰਜਾਬ ਦੇ ਮੁੰਡਿਆਂ ਦੀ ਟੀਮ ਨੇ ਦੂਜੇ ਸਥਾਨ 'ਤੇ ਰਹਿੰਦਿਆਂ ਚਾਂਦੀ ਦਾ ਤਮਗਾ ਅਤੇ ਕੁੜੀਆਂ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕਰਦਿਆਂ ਕਾਂਸੇ ਦਾ ਤਮਗਾ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਪਰੋਕਤ ਟੀਮਾਂ ਵਿੱਚ ਪ੍ਰਭ ਆਸਰਾ ਦੇ 07 ਖਿਡਾਰੀਆਂ (04 ਮੁੰਡਿਆਂ ਅਤੇ 03 ਕੁੜੀਆਂ) ਨੇ ਅਹਿਮ ਭੂਮਿਕਾਵਾਂ ਨਿਭਾਈਆਂ। ਇਸਦੇ ਨਾਲ਼ ਹੀ ਵਰਨਣ ਕਰਨਾ ਬਣਦਾ ਹੈ ਕਿ ਬੀਤੇ ਦਿਨੀ ਮੈਤ੍ਰਯੀ ਕਾਲਜ ਬਾਪੂ ਧਾਮ, ਚਾਣਕਿਆਪੁਰੀ, ਨਵੀਂ ਦਿੱਲੀ ਵਿਖੇ ਹੋਈ ਨੈਸ਼ਨਲ ਪਾਵਰ-ਲਿਫਟਿੰਗ ਚੈਂਪੀਅਨਸ਼ਿਪ ਵਿੱਚ ਪੰਜਾਬ ਤੋਂ ਪਹੁੰਚੇ ਕੁੱਲ 08 ਭਾਗੀਦਾਰਾਂ ਵਿੱਚੋਂ 03 ਬੱਚੇ ਪ੍ਰਭ ਆਸਰਾ ਦੇ ਕੋਚਾਂ ਕਵਿਤਾ, ਕਰਨਵੀਰ ਸਿੰਘ ਗਿੱਲ, ਅਕਸ਼ੇ ਕੁਮਾਰ ਅਤੇ ਅਭਿਸ਼ੇਕ ਕੁਮਾਰ ਦੀ ਅਗਵਾਈ ਵਿੱਚ ਗਏ ਸਨ। ਜਿੰਨ੍ਹਾ ਵਿੱਚੋਂ ਅਰਸ਼ਪ੍ਰੀਤ ਕੌਰ ਨੇ ਸੋਨ ਤਮਗਾ ਅਤੇ ਸੁਰਿੰਦਰਪਾਲ ਤੇ ਜਯੋਤੀ ਬਿੱਲੋ ਨੇ ਚਾਂਦੀ ਦੇ ਤਮਗ਼ੇ ਹਾਸਲ ਕੀਤੇ ਸਨ। ਉਕਤ ਤੋਂ ਇਲਾਵਾ ਇਸੇ ਮਹੀਨੇ ਪੋਲੈਂਡ ਵਿਖੇ ਹੋਏ ਯੂਨੀਫਾਈਡ ਵਾਲੀਵਾਲ ਵਰਲਡ ਕੱਪ: 2025 ਖੇਡਣ ਲਈ ਗਈ ਕੁੜੀਆਂ ਦੀ ਭਾਰਤੀ ਟੀਮ ਵਿੱਚ ਇੱਥੋਂ ਦੀ ਖਿਡਾਰਨ ਰਾਮੋ ਦੇਵੀ ਅਹਿਮ ਸਥਾਨ ਲਈ ਚੁਣੀ ਗਈ ਸੀ। ਉਕਤ ਕੱਪ ਵਿੱਚ ਭਾਰਤੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ। ਜਿਕਰਯੋਗ ਹੈ ਕਿ ਪ੍ਰਭ ਆਸਰਾ ਦੇ ਖਿਡਾਰੀਆਂ ਦੀ ਖੁਰਾਕ ਤੇ ਹੋਰ ਲੋੜੀਂਦੇ ਪ੍ਰਬੰਧਾਂ ਦਾ ਬੀਬੀ ਰਜਿੰਦਰ ਕੌਰ ਖੁਦ ਕੋਚ ਵਜੋਂ ਉਚੇਚੇ ਤੌਰ 'ਤੇ ਧਿਆਨ ਰੱਖਦੇ ਹਨ ਅਤੇ ਨਿੱਤ-ਦਿਨ ਦੇ ਅਭਿਆਸ ਤੋਂ ਲੈ ਮੁਕਾਬਲਿਆਂ ਤੱਕ ਨਾਲ਼ ਹਾਜ਼ਰ ਰਹਿੰਦੇ ਹਨ।

## ਸੀਨੀਅਰ ਸੈਕੰਡਰੀ ਸਕੂਲ ਦੰਦਰਾਲਾ ਢੀਂਡਸਾ ਵਿਖੇ ਮਾਪੇ ਅਧਿਆਪਕ ਮਿਲਣੀ ਦੌਰਾਨ ਸਕੂਲ ਮੈਗਜ਼ੀਨ ਰਿਲੀਜ਼ ਕੀਤਾ

### ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅਤੇ ਮਾਨਯੋਗ ਜ਼ਿਲ੍ਹਾ ਸਿੱਖਿਆ ਅਫ਼ਸਰ ਪਟਿਆਲਾ ਜੀ ਦੇ ਦਿਸ਼ਾ ਨਿਰਦੇਸ਼ਾਂ

ਵਰਲਡ ਪੰਜਾਬੀ ਟਾਈਮਜ਼

ਢੀਂਡਸਾ 19 ਅਕਤੂਬਰ : ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੰਦਰਾਲਾ ਢੀਂਡਸਾ ਵਿਖੇ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ। ਸਿੱਖਿਆ ਦਾ ਉਦੇਸ਼ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਕਰਨਾ ਹੈ। ਇਸ ਲਈ ਅਧਿਆਪਕਾਂ ਦੇ ਨਾਲ ਮਾਪਿਆਂ ਦਾ




ਸਹਿਯੋਗ ਬਹੁਤ ਜਰੂਰੀ ਹੈ। ਇਸੇ ਉਦੇਸ਼ ਨੂੰ ਮੁੱਖ ਰੱਖ ਕੇ ਮਾਪੇ ਅਧਿਆਪਕ ਮਿਲਣੀ ਵਿੱਚ ਵਿਦਿਆਰਥੀਆਂ ਦੇ ਸਤੰਬਰ ਟੈਸਟ ਦੀ ਕਾਰਗੁਜ਼ਾਰੀ ਮਾਪਿਆਂ ਨਾਲ ਸਾਂਝੀ ਕੀਤੀ ਗਈ। ਇਸ ਤੋਂ ਇਲਾਵਾ ਸਿੱਖਿਆ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਜਿਵੇਂ ਸੀਈਪੀ,ਇੰਸਪਾਇਰਡ ਅਵਾਰਡ,ਵੱਖ-ਵੱਖ ਵਜ਼ੀਫਾ ਸਕੀਮਾਂ, ਵਿਦਿਆਰਥੀਆਂ ਦੀ ਹਾਜ਼ਰੀ,ਬੇਸ ਲਾਈਨ ਟੈਸਟ, ਐਂਡ ਲਾਈਨ ਟੈਸਟ, ਇੰਗਲਿਸ਼ ਹੈਲਪਰ ਪ੍ਰੋਗਰਾਮ,ਸਬਜੈਕਟ ਫੇਅਰ ਆਦਿ ਬਾਰੇ ਮਾਪਿਆਂ ਨੂੰ ਜਾਣੂ ਕਰਵਾਇਆ ਗਿਆ। ਸਾਰੇ ਮਾਪਿਆਂ ਨੇ ਵੱਧ ਚੜ ਕੇ ਇਸ ਮੀਟਿੰਗ ਵਿੱਚ ਭਾਗ ਲਿਆ। ਇਸ ਤੋਂ ਇਲਾਵਾ 'ਮੇਰਾ ਸਕੂਲ ਵੈਲਫੇਅਰ ਸੋਸਾਇਟੀ (ਰਜਿ:) ਦੰਦਰਾਲਾ ਢੀਂਡਸਾ ਦੇ ਸਹਿਯੋਗ ਨਾਲ ਤਿਆਰ ਕੀਤੇ ਗਏ ਸਕੂਲ ਦੇ ਮੈਗਜ਼ੀਨ 'ਨਾਦਾਨ ਪਰਿੰਦੇ' ਦੀ ਘੁੰਡ ਚੁਕਾਈ ਐਸਐਮਸੀ ਕਮੇਟੀ ਦੇ ਚੇਅਰਮੈਨ ਅਤੇ ਮੈਂਬਰ ਸਾਹਿਬਾਨਾਂ ਵੱਲੋਂ ਕੀਤੀ ਗਈ।ਇਸ ਮੈਗਜ਼ੀਨ ਵਿੱਚ ਸਕੂਲ ਦੀਆਂ ਵੱਖ ਵੱਖ ਗਤੀਵਿਧੀਆਂ ਅਤੇ ਪ੍ਰਾਪਤੀਆਂ,ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਵੱਲੋਂ ਲਿਖੀਆਂ ਗਈਆਂ ਰਚਨਾਵਾਂ ਆਦਿ ਨੂੰ ਕਲਮਬੱਧ ਕੀਤਾ ਗਿਆ ਹੈ। ਅਖੀਰ ਵਿੱਚ ਸਕੂਲ ਦੇ ਇੰਚਾਰਜ ਸ੍ਰੀਮਤੀ ਦਲਜੀਤ ਕੌਰ ਲੈਕਚਰਾਰ ਕੈਮਿਸਟਰੀ ਵੱਲੋਂ 'ਮੇਰਾ ਸਕੂਲ ਵੈਲਫੇਅਰ ਸੋਸਾਇਟੀ' ਅਤੇ ਐਸਐਮਸੀ ਕਮੇਟੀ ਦੇ ਚੇਅਰਮੈਨ ਅਤੇ ਸਮੂਹ ਮੈਂਬਰ ਸਾਹਿਬਾਨਾਂ ਦਾ ਧੰਨਵਾਦ ਕੀਤਾ ਗਿਆ ਜਿਨਾਂ ਵੱਲੋਂ ਸਕੂਲ ਦੀ ਬਿਹਤਰੀ ਲਈ ਨਿਰੰਤਰ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਮੌਕੇ ਸਕੂਲ ਦਾ ਸਾਰਾ ਸਟਾਫ਼ ਵੀ ਹਾਜ਼ਰ ਸੀ।

## ਸੈਨੇਟਰ ਬਲਤੇਜ ਸਿੰਘ ਢਿੱਲੋਂ 'ਮਨੁੱਖੀ ਅਧਿਕਾਰਾਂ ਦੇ ਰਾਖੇ' ਪੁਰਸਕਾਰ ਨਾਲ ਸਨਮਾਨਿਤ

### ਰੈਡੀਕਲ ਦੇਸੀ ਵੱਲੋਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਨੂੰ ਸਮਰਪਿਤ ਯਾਦਗਾਰੀ ਕੈਲੰਡਰ ਜਾਰੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 19 ਅਕਤੂਬਰ : ਮਨੁੱਖੀ ਅਧਿਕਾਰਾਂ ਤੇ ਲੋਕ ਹਿੱਤਾਂ ਲਈ ਸਮਰਪਿਤ ਮੈਗਜ਼ੀਨ ਰੈਡੀਕਲ ਦੇਸੀ ਵੱਲੋਂ ਸਰੀ ਦੇ ਜਰਨੈਲ ਆਰਟਸ ਸਟੂਡੀਓ ਵਿੱਚ ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸੈਨੇਟਰ ਬਲਤੇਜ ਸਿੰਘ ਢਿੱਲੋਂ ਨੂੰ 'ਮਨੁੱਖੀ ਅਧਿਕਾਰਾਂ ਦੇ ਰਾਖੇ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ ਪਿਛਲੇ ਜੇਤੂ ਤੇ ਨਸਲਵਾਦ ਵਿਰੋਧੀ ਸਿੱਖਿਅਕ ਐਨੀ ਓਹਾਨਾ ਅਤੇ ਮੀਡੀਆ ਸ਼ਖ਼ਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ ਵੱਲੋਂ ਪ੍ਰਦਾਨ ਕੀਤਾ ਗਿਆ।




ਇਹ ਜਾਣਕਾਰੀ ਦਿੰਦਿਆਂ ਡਾ. ਗੁਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਇਹ ਸਨਮਾਨ ਉਸ ਸਮੇਂ ਦਿੱਤਾ ਗਿਆ ਜਦੋਂ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਭਾਰਤ ਦੌਰੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਰਾਜਨੀਤਿਕ ਗੱਲਬਾਤ ਕਰ ਰਹੀ ਸੀ ਅਤੇ ਸਰੀ ਵਿੱਚ ਬਲਤੇਜ ਸਿੰਘ ਢਿੱਲੋਂ ਨੂੰ ਕੈਨੇਡੀਅਨ ਧਰਤੀ 'ਤੇ ਮਾਰੇ ਗਏ ਨਾਗਰਿਕ ਹਰਦੀਪ ਸਿੰਘ ਨਿੱਝਰ ਲਈ ਖੜ੍ਹੇ ਹੋਣ ਲਈ ਸਨਮਾਨਿਤ ਕੀਤਾ ਜਾ ਰਿਹਾ ਸੀ। ਰੈਡੀਕਲ ਦੇਸੀ ਨੇ ਸ. ਢਿੱਲੋਂ ਨੂੰ ਇਸ ਤੋਂ ਪਹਿਲਾਂ ਵੀ "ਸਾਲ 2025 ਦੀ ਸ਼ਖ਼ਸੀਅਤ" ਹੋਣ ਦਾ ਐਲਾਨ ਕੀਤਾ ਸੀ, ਜਦ ਉਨ੍ਹਾਂ ਨੇ ਨਰਿੰਦਰ ਮੋਦੀ ਦੇ ਸਵਾਗਤ ਕਰਨ ਸਬੰਧੀ ਸਰਕਾਰੀ ਫੈਸਲੇ ਦੀ ਨਿੰਦਾ ਕੀਤੀ ਸੀ।

ਸਮਾਗਮ ਦੀ ਸ਼ੁਰੂਆਤ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜੀ.ਐਨ. ਸਾਈ ਬਾਬਾ ਦੀ ਪਹਿਲੀ ਬਰਸੀ ਦੇ ਮੌਕੇ ਉਨ੍ਹਾਂ ਦੀ ਯਾਦ ਵਿੱਚ ਮੌਨ ਰੱਖ ਕੇ ਕੀਤੀ ਗਈ। ਸਾਈ ਬਾਬਾ, ਜੋ ਅਪਾਹਜ ਸਨ, ਨੂੰ ਗਰੀਬਾਂ ਅਤੇ ਹਾਸ਼ੀਏ ਦੇ ਲੋਕਾਂ ਦੇ ਹੱਕਾਂ ਦੀ ਰੱਖਿਆ ਕਰਨ ਕਾਰਨ ਭਾਰਤ ਵਿੱਚ ਝੂਠੇ ਦੋਸ਼ਾਂ ਹੇਠ ਕੈਦ ਕੀਤਾ ਗਿਆ ਸੀ। ਹਰਦੀਪ ਸਿੰਘ ਨਿੱਝਰ ਸਮੇਤ ਕਈ ਕੈਨੇਡੀਅਨਾਂ ਨੇ ਉਨ੍ਹਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕੀਤੀ ਸੀ।

ਸਮਾਗਮ ਦੇ ਆਖਰੀ ਹਿੱਸੇ ਵਿੱਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦੇ 30 ਸਾਲ ਪੂਰੇ ਹੋਣ 'ਤੇ ਉਨ੍ਹਾਂ ਨੂੰ ਸਮਰਪਿਤ 2026 ਕੈਲੰਡਰ ਜਾਰੀ ਕੀਤਾ ਗਿਆ। ਕੈਲੰਡਰ 'ਤੇ ਸਵਰਗੀ ਚਿਤਰਕਾਰ ਜਰਨੈਲ ਸਿੰਘ ਦੀ ਬਣਾਈ ਖਾਲੜਾ ਦੀ ਪੇਂਟਿੰਗ ਸ਼ਾਮਲ ਹੈ। ਉਨ੍ਹਾਂ ਦੀ ਪਤਨੀ ਬਲਜੀਤ ਕੌਰ ਅਤੇ ਧੀ ਨੀਤੀ ਸਿੰਘ ਨੇ ਕੈਲੰਡਰ ਜਾਰੀ ਕਰਨ ਦੀ ਰਸਮ ਵਿੱਚ ਹਿੱਸਾ ਲਿਆ। ਇਹ ਸਮਾਗਮ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਤੌਰ 'ਤੇ ਉਨ੍ਹਾਂ ਦੇ ਹੀ ਸਟੂਡੀਓ 'ਜਰਨੈਲ ਆਰਟਸ' ਵਿੱਚ ਕੀਤਾ ਗਿਆ।

ਇਸ ਮੌਕੇ 'ਤੇ ਬੀ.ਸੀ. ਦੀ ਸਾਬਕਾ ਸਿੱਖਿਆ ਮੰਤਰੀ ਰਚਨਾ ਸਿੰਘ, ਪਾਕਿਸਤਾਨੀ ਕੈਨੇਡੀਅਨ ਨੇਤਾ ਸੈਫ਼ ਪੰਨੂ, ਮਹਿਕ ਪੰਜਾਬ ਟੀਵੀ ਦੇ ਡਾਇਰੈਕਟਰ ਕਮਲਜੀਤ ਸਿੰਘ ਥਿੰਦ, ਗੁਰਪ੍ਰੀਤ ਸਿੰਘ, ਪੁਰਸ਼ੋਤਮ ਦੁਸਾਂਝ, ਕਵੀ ਅੰਮ੍ਰਿਤ ਦੀਵਾਨਾ, ਕਹਾਣੀਕਾਰ ਹਰਪ੍ਰੀਤ ਸੇਖਾ ਅਤੇ ਕੁਲਵਿੰਦਰ ਸਿੰਘ ਢਿੱਲੋਂ ਸਮੇਤ ਕਈ ਪ੍ਰਸਿੱਧ ਸ਼ਖਸੀਅਤਾਂ ਹਾਜ਼ਰ ਸਨ।

## ਜਨਮ ਭੋਇ 'ਤੇ ਸਨਮਾਨਿਤ ਹੋਏ ਪਰਵਾਸੀ ਸਾਹਿਤਕਾਰ ਮਹਿੰਦਰ ਪ੍ਰਤਾਪ

### ਤ੍ਰਿਲੋਕ ਢਿੱਲੋਂ ਤੇ ਮਹਿੰਦਰ ਪ੍ਰਤਾਪ ਦੀਆਂ ਕਿਤਾਬਾਂ ਲੋਕ ਅਰਪਿਤ ਹੋਈਆਂ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ




ਚੰਡੀਗੜ੍ਹ, 19 ਅਕਤੂਬਰ : ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਡਾ. ਭੀਮ ਇੰਦਰ ਸਿੰਘ ਦੀ ਅਗਵਾਈ ਹੇਠ ਗਲੋਬਲ ਪੰਜਾਬ ਫਾਊਂਡੇਸ਼ਨ, ਪੰਜਾਬ ਵਲੋਂ ਤ੍ਰਿਲੋਕ ਢਿੱਲੋਂ ਰਚਿਤ ਹਾਸ ਵਿਅੰਗ 'ਬਾਬਿਆਂ ਦੇ ਵੱਗ ਫਿਰਦੇ' ਤੇ ਅੱਜ ਕੱਲ ਇੰਡੀਆ ਆਏ ਹੋਏ ਕੈਨੇਡੀਅਨ ਸਾਹਿਤਕਾਰ ਮਹਿੰਦਰ ਪ੍ਰਤਾਪ ਦੀ ਤੀਸਰੀ ਕਾਵਿ ਪੁਸਤਕ 'ਸੁਪਨਿਆਂ ਦਾ ਚਾਨਣ' ਰਿਲੀਜ਼ ਕੀਤੀ ਗਈ। ਸਮਾਗਮ ਦੌਰਾਨ ਕਵੀ ਦਰਬਾਰ, ਸਾਹਿਤਕਾਰਾਂ ਦਾ ਸਨਮਾਨ ਅਤੇ ਉਸਾਰੂ ਸਾਹਿਤਕ 'ਚੁੰਝ ਚਰਚਾ' ਯਾਦਗਾਰੀ ਰਹੀ।

ਜਿਕਰਯੋਗ ਹੈ ਕਿ ਪਿੰਡ ਸ਼ੰਕਰ, ਜਲੰਧਰ ਦੀ ਮਿੱਟੀ 'ਚੋਂ ਪੈਦਾ ਹੋਏ ਮਹਿੰਦਰ ਪਰਤਾਪ ਲੰਮਾ ਅਰਸਾ ਜਰਮਨੀ ਵਿੱਚ ਵਿੱਚਰਦੇ ਹੋਏ ਮੌਜੂਦਾ ਵੇਲੇ ਟੋਰਾਂਟੋ, ਕੈਨੇਡਾ ਵਿੱਚ ਸਥਾਪਤ ਕਵੀ, ਨੇਕ ਦਿਲ ਇਨਸਾਨ ਤੇ ਸਫ਼ਲ ਕਾਰੋਬਾਰੀ ਹਨ। ਇਸ ਮੌਕੇ ਮਹਿੰਦਰ ਪ੍ਰਤਾਪ ਨੇ ਦੱਸਿਆ ਕਿ 'ਸੁਪਨਿਆਂ ਦਾ ਚਾਨਣ' ਮੇਰੀ ਸੰਜੀਦਾ ਸ਼ਾਇਰੀ ਤੇ ਸੰਜੀਦਾ ਲਿਖਤਾਂ ਵਿੱਚੋਂ ਪਹਿਲੀ ਬੁੱਕ ਹੈ ਤੇ ਇਸ ਵਿੱਚਲੀਆਂ ਕਵਿਤਾਵਾਂ ਮੇਰੇ ਦਿਲ ਦੇ ਨੇੜੇ ਹਨ। ਇਸ ਤੋਂ



ਪਹਿਲੋਂ ਮੇਰੀਆਂ ਦੋ ਕਿਤਾਬਾਂ 'ਇੱਕ ਮੁੱਠੀ ਯਾਦਾਂ ਦੀ' ਤੇ ਤਰੰਗ (ਹਿੰਦੀ) ਛਪ ਚੁੱਕੀਆਂ ਹਨ। 'ਇੱਕ ਕਮਰਾ' ਮੇਰੀ ਅਗਲੀ ਸਾਹਿਤਕ ਪੁਸਤਕ ਵੀ ਕੁਝ ਦਿਨਾਂ ਵਿੱਚ ਪਾਠਕਾਂ ਦੇ ਹੱਥਾਂ ਵਿੱਚ ਹੋਏਗੀ।

ਡਾ. ਭੀਮ ਇੰਦਰ ਸਿੰਘ ਤੇ ਸ੍ਰ. ਹਰਜਿੰਦਰ ਪਾਲ ਸਿੰਘ ਵਾਲੀਆ ਵੱਲੋਂ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਨ ਵਾਲੇ ਸਾਹਿਤਕਾਰਾਂ, ਵਿਦਵਾਨਾਂ ਤੇ ਸਰੋਤਿਆਂ ਦਾ ਸਨਮਾਨ ਤੇ ਧੰਨਵਾਦ ਵੀ ਕੀਤਾ ਗਿਆ।

ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੁੱਖ ਪ੍ਰਬੰਧਕ ਤੇ ਪ੍ਰੋਗਰਾਮ ਦੇ ਰੂਹੇ-ਰਵਾਂ ਡਾ. ਭੀਮ ਇੰਦਰ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਸਮੇਤ ਗਲੋਬਲ ਪੰਜਾਬ ਫਾਊਂਡੇਸ਼ਨ ਦੇ ਚੇਅਰਮੈਨ ਸ੍ਰ. ਹਰਜਿੰਦਰ ਪਾਲ ਸਿੰਘ ਵਾਲੀਆ, ਜੋਗਾ ਸਿੰਘ ਧਨੌਲਾ, ਡਾ. ਲਛਮੀ ਨਰਾਇਣ, ਉਜਾਗਰ ਸਿੰਘ, ਨਿਰੰਜਣ ਬੋਹਾ ਡਾ. ਤ੍ਰਿਲੋਕ ਢਿੱਲੋਂ, ਬਲਵਿੰਦਰ ਸਿੰਘ ਭੱਟੀ, ਦ੍ਰਿਸ਼ਟਾਂਤ ਢਿੱਲੋਂ, ਸੰਤ ਸਿੰਘ ਸੋਹਲ, ਕੁਲਵੰਤ ਖਨੌਰੀ, ਸਤੀਸ਼ ਵਿਦ੍ਰੋਹੀ, ਸਦਾਬਹਾਰ ਵਿਦਿਆਰਥੀ ਜੰਗ ਸਿੰਘ ਫੱਟੜ, ਨਰਪਾਲ ਸਿੰਘ ਸ਼ੇਰਗਿੱਲ , ਸਾਗਰ ਸੂਦ, ਡਾ. ਲਕਸ਼ਮਣੀ ਨਰਾਇਣ ਭੀਖੀ, ਡਾ. ਸੁਰਜੀਤ ਖੁਰਮੀ, ਹਰਬੰਸ ਧੀਮਾਨ ਤੇ ਕੁਲਵੰਤ ਸਿੰਘ ਸਮੇਤ ਹੋਰ ਨਫੀਸ ਸਹਿਤਕਾਰਾਂ ਨੇ ਭਰਵੀਂ ਤੇ ਯਾਦਗਾਰੀ ਹਾਜ਼ਰੀ ਲਗਵਾਈ।

ਵਰਲਡ ਪੰਜਾਬੀ ਟਾਈਮਜ਼ 19 ਅਕ੍ਤੂਬਰ 2025 ਦਿਨ ਐਤਵਾਰ

## ਸ਼ਿਕਾਰੀ ਅਤੇ ਪੰਛੀ




ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਆਇਆ ਸ਼ਿਕਾਰੀ ਭੋਲ੍ਹਾ ਬਣਕੇ,
ਬ੍ਰਿਛ ਥੱਲੇ ਸੀ ਰੁਕਿਆ।
ਉੱਪਰ ਬੈਠੇ ਪੰਛੀ ਤੱਕਣ,
ਇਹ ਥੱਲੇ ਕਿਓਂ ਝੁਕਿਆ।

ਉੱਡ ਚੱਲੀਏ ਆਪਾਂ ਇੱਥੋਂ
ਸਾਨੂੰ ਖ਼ਤਰਾ ਜਾਪੇ।
ਹੋਰ ਕਿਤੇ ਜਾਨ ਸਾਡੀ ਨੂੰ
ਪੈ ਨਾ ਜਾਣ ਸਿਆਪੇ।

ਲੱਗੇ ਕਰਨ ਵਿਚਾਰਾਂ ਪੰਛੀ
ਨਾਲ ਬੱਚਿਆਂ ਨੂੰ ਲੈ ਕੇ।
ਕਈ ਅਜੇ ਸੁਲਾਹਾਂ ਕਰਦੇ,
ਇੱਕ ਦੂਜੇ ਨਾਲ ਬਹਿ ਕੇ।

ਏਨੇ ਨੂੰ ਸੀ ਤੀਰ ਉਸ ਨੇ,
ਬੁੱਕਲ਼ ਵਿੱਚੋਂ ਕੱਢਿਆ।
ਸਿੱਧਾ ਕਰ ਨਿਸ਼ਾਨਾ ਉਸ ਸੀ
ਵੱਲ ਪੰਛੀਆਂ ਛੱਡਿਆ।

ਕਈ ਤਾਂ ਬੇਰਾ ਵਾਂਗੂ ਡਿੱਗੇ ,
ਲੋਟਣੀਆਂ ਸੀ ਖਾ ਕੇ।
ਕੁੱਝ ਮਰ ਗੇ ,ਕੁੱਝ ਤੜਫੇ ਪੰਛੀ
ਡਿੱਗੇ ਥੱਲੇ ਆ ਕੇ।

ਚੁੱਕ ਕੇ ਵਿੱਚ ਝੋਲੀ ਦੇ ਪਾਏ
ਸ਼ਿਕਾਰੀ ਖੁਸ਼ੀ ਮਨਾਏ।
ਧਰਤੀ ਦਾ ਸ਼ਿੰਗਾਰ ਸੀ ਉਸ ਨੇ
ਮਿੰਟਾਂ ਵਿੱਚ ਮੁਕਾਏ।

ਕਿੱਥੋਂ ਸੁੱਖ ਭਾਲੇ ਫਿਰ ਬੰਦਾ
ਕੁਦਰਤ ਬਦਲਾ ਲੈਂਦੀ।
ਸਭ ਕੁੱਝ ਵੇਖੀ ਜਾਵੇ 'ਪੱਤੋ',
ਪਹਿਲਾਂ ਨੀਂ ਕੁੱਝ ਕਹਿੰਦੀ।

## ਮਿਲਾਵਟੀ ਚੀਜ਼ਾਂ ਨਾਲੋਂ ਘਰ ਦੀਆਂ ਬਣਾਈਆਂ ਚੀਜ਼ਾਂ ਖਾਣ ਦਾ ਸੁਆਦ ਨਿਰਾਲਾ ਹੀ ਹੁੰਦਾ



ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ

ਤਿਉਹਾਰਾਂ ਦੇ ਦਿਨਾਂ ਵਿੱਚ ਮਿਠਾਈਆਂ ਦੀ ਮੰਗ ਆਮ ਦਿਨਾਂ ਨਾਲੋਂ ਕਈ ਗੁਣਾ ਵੱਧ ਜਾਂਦੀ ਹੈ ।ਹਲਵਾਈ ਵੱਡੀ ਮਿਕਦਾਰ ਵਿੱਚ ਇੱਕ ਦਿਨ ਵਿੱਚ ਮਿਠਾਈ ਤਿਆਰ ਕਰਕੇ ਮੰਗ ਅਨੁਸਾਰ ਨਹੀਂ ਦੇ ਸਕਦੇ , ਨਾ ਹੀ ਦੁੱਧ ਦੀ ਮੰਗ ਦੋਧੀ ਪੂਰੀ ਕਰ ਸਕਦੇ ਹਨ , ਉਹ ਆਪ ਬਣਾ ਜਾਂ ਬਣਿਆ ਬਣਾਇਆ ਨਕਲੀ ਦੁੱਧ ਲੈ ਕੇ ਮੰਗ ਪੂਰੀ ਕਰਦੇ ਹਨ ਜੋ ਵੱਡੇ ਪੱਧਰ ਉੱਪਰ ਇਹ ਕੰਮ ਕਰਦੇ ਹਨ ਸਿਹਤ ਮਹਿਕਮੇ ਦੀਆਂ ਰੇਡਾਂ ਤੋਂ ਇਹ ਸਾਰਾ ਕੁਝ ਉਜਾਗਰ ਹੋ ਰਹੇ ਹਨ । ਲੋਕਾਂ ਦੀਆਂ ਜਾਨਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਪੈਸੇ ਖਾਤਿਰ ।ਇਸ ਲਈ ਉਨ੍ਹਾਂ ਨੂੰ ਬਹੁਤ ਕੁਝ ਕਰਨਾ ਪੈਂਦਾ ਹੈ । ਬਹੁਤ ਦਿਨ ਪਹਿਲਾਂ ਤੋਂ ਹੀ ਖੋਆ ਵਗੈਰਾ ਫਰਿਜਾਂ 'ਚ ਬਣਾ ਕੇ ਰੱਖ ਲਿਆ ਜਾਂਦਾ ਹੈ । ਨਾਮੀ ਦੁਕਾਨਦਾਰ ਦੀ ਵੈਸੇ ਵੀ ਲਾਗਤ ਬਹੁਤ ਜ਼ਿਆਦਾ ਵੱਧ ਜਾਂਦੀ ਹੈ , ਉਨ੍ਹਾਂ ਨੂੰ ਬਾਹਰੋਂ ਹੋਰਾਂ ਦੁਕਾਨਦਾਰਾਂ ਤੋਂ ਮਾਲ ਤਿਆਰ ਕਰਵਾਉਣਾ ਪੈਂਦਾ ਹੈ , ਜਿਸ ਉੱਪਰ ਉਹ ਆਪਣਾ ਲੇਬਲ ਲਾ ਕੇ ਵੇਚਦੇ ਹਨ । ਵੱਡੀ ਗਿਣਤੀ ਵਿੱਚ ਫਰਮਾਂ , ਕੰਪਨੀਆਂ , ਇੰਡਸਟਰੀ ਵਾਲੇ ਆਦਿ ਆਪਣੇ ਵਰਕਰਾਂ ਨੂੰ ਦੀਵਾਲੀ ਦੇ ਤਿਉਹਾਰ ਤੇ ਮਿਠਾਈ ਦੇਣ ਲਈ ਵੱਡੀ ਗਿਣਤੀ 'ਚ ਡੱਬੇ ਖ੍ਰੀਦਦੇ ਹਨ , ਉਹ ਕਦੇ ਵੀ ਡੱਬੇ ਅੰਦਰਲੀ ਮਿਠਾਈ ਦੀ ਗੁਣਵੱਤਾ ਨੂੰ ਟੇਸਟ ਕਰਕੇ ਪਰਖਣ ਦੀ ਖੇਚਲ ਨਹੀਂ ਕਰਦੇ , ਜਿਸ ਕੋਲ ਡੱਬਾ ਜਾਂਦਾ ਹੈ , ਜੇਕਰ ਟੇਸਟ ਠੀਕ ਨਾ ਹੋਵੇ ਤਾਂ ਕੋਈ ਇਸ ਨੂੰ ਦੇਣ ਵਾਲੇ ਦੇ ਧਿਆਨ ਵਿੱਚ ਨਹੀਂ ਲਿਆਉਂਦਾ । ਅਕਸਰ ਕਈ ਵਾਰੀ ਤਾਂ ਫੰਗਸ ਵੀ ਲੱਗੀ ਹੁੰਦੀ ਹੈ । ਮੈਂ ਸ਼ਹਿਰ ਦੀ ਨਾਮੀ ਮਿਠਾਈ ਦੀ ਦੁਕਾਨ ਤੋਂ ਆਪਣੇ ਰਿਸ਼ਤੇਦਾਰ ਨੂੰ ਕਲਾਕੰਦ ਦਾ ਡੱਬਾ ਲਿਆ ਕੇ ਦੇ ਦਿੱਤਾ ਤਾਂ ਕਈ ਦਿਨਾਂ ਬਾਅਦ ਮੈਨੂੰ ਉਨ੍ਹਾਂ ਦਾ ਫੋਨ ਆਇਆ ਕਿ ਮਿਠਿਆਈ 'ਚ ਮਿੱਠਾ ਨਹੀਂ ਪਾਇਆ ਹੋਇਆ ਸਗੋਂ ਨਮਕੀਨ ਫਕਫਕੀ ਸੀ । ਉਨ੍ਹਾਂ ਨੇ ਡੱਬੇ ਤੋਂ ਫੋਨ ਨੰਬਰ ਦੇਖ ਦੁਕਾਨਦਾਰ ਨੂੰ ਫੋਨ ਕੀਤਾ ਤਾਂ ਉਹ ਪਹਿਲਾਂ ਹੀ ਮੰਨ




ਗਿਆ ਕਿ ਹੋਰ ਵੀ ਸ਼ਿਕਾਇਤ ਆਈ ਹੈ ਤੁਸੀਂ ਡੱਬਾ ਬਦਲ ਕੇ ਲੈ ਜਾਵੋ । ਹੁਣ ਐਡੀ ਦੂਰੋਂ ਡੱਬਾ ਕਿਵੇਂ ਬਦਲਦੇ , ਇਸ ਲਈ ਬੇਕਾਰ ਗਈ , ਮੈਂ ਵੀ ਆਪਣੀ ਗਲਤੀ ਨੂੰ ਮਹਿਸੂਸ ਕੀਤਾ ।ਇਸ ਲਈ ਡੱਬਾ ਪੈਕ ਕਰਾਉਣ ਸਮੇਂ ਮਿਠਾਈ ਦਾ ਟੇਸਟ ਜਰੂਰ ਚੈਕ ਕਰੋ ।ਬਾਕੀ ਰਹੀ ਗੱਲ ਮਿਠਾਈ ਦੇ ਮਿਆਰ ਦੀ , ਇਹ ਪੰਜਾਬ ਅੰਦਰ ਮਿਲਾਵਟ ਤੋਂ ਬਿਨ੍ਹਾਂ ਸੰਭਵ ਨਹੀਂ , ਆਮ ਦਿਨਾਂ ਵਿੱਚ ਨਕਲੀ ਦੁੱਧ , ਨਕਲੀ ਪਨੀਰ , ਖੋਆ ਆਦਿ ਫੜ੍ਹਨ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ । ਸਾਡਾ ਸਿਹਤ ਵਿਭਾਗ ਟਾਵੇਂ ਟਾਵੇਂ ਥਾਵਾਂ ਉੱਪਰ ਚੈਕਿੰਗ ਦਾ ਦਿਖਾਵਾ ਜਰੂਰ ਕਰਦਾ ਹੈ ਪਰ ਲਗਾਤਾਰ ਇਸ ਸੁਧਾਰ ਨੂੰ ਬਰਕਰਾਰ ਰੱਖਣ ਲਈ ਠੋਸ ਨੀਤੀ ਤਹਿਤ ਕੋਈ ਕਾਵਾਈ ਨਹੀਂ ਹੁੰਦੀ । ਖਾਣ ਪੀਣ ਦਾ ਸਮਾਨ ਜਾਅਲੀ ਪੈਕਿੰਗ ਕਰਕੇ ਮਾਰਕੀਟ 'ਚ ਵੱਡੀ ਮਿਕਦਾਰ ਵਿੱਚ ਸਪਲਾਈ ਹੋ ਰਿਹਾ ਹੈ । ਮੂੈਨੂਫੈਕਚਰ ਮਿਤੀ ਅਤੇ ਐਕਸਪਾਇਰੀ ਮਿਤੀ ਤੋਂ ਬਿਨ੍ਹਾਂ ਹੀ ਖਾਣ ਵਾਲੀਆਂ ਚੀਜ਼ਾਂ ਵੇਚੀਆਂ ਜਾ ਰਹੀਆਂ ਹਨ ।ਕੋਈ ਵੀ ਲੋਕਲ ਫੂਡ ਨਿਰਮਾਤਾ ਫੂਡ ਸੇਫਟੀ ਐਂਡ ਸਟੰਡਰਡਜ਼ ਅਥਾਰਟੀ ਆਫ ਇੰਡੀਆ ਐਕਟ ਦੀਆਂ ਹਦਾਇਤਾਂ ਦੀ ਪ੍ਰਵਾਹ ਨਹੀਂ ਕਰਦਾ , ਨਾ ਸਰਕਾਰਾਂ ਧਿਆਨ ਦਿੰਦੀਆਂ ਹਨ ।ਐਗਮਾਰਕ ਖੇਤੀਬਾੜੀ ਉਤਪਾਦਾਂ ਦੇ ਮਿਆਰ ਨੂੰ ਸਹੀ / ਸੁੱਧ ਰੱਖਣ ਲਈ ਆਪਣੀ ਮੋਹਰ ਲਾਉਂਦਾ ਹੈ । ਸੋ ਇਹ ਰਜ਼ਿਸਟਰਡ ਲੋਗੋ ਦੇਖ ਕੇ ਖਾਣ ਵਾਲiਆਂ ਚੀਜ਼ਾਂ ਦੀ ਪਰਖ ਕਰਕੇ ਖ੍ਰੀਦਦਾਰੀ ਕਰਨੀ ਚਾਹੀਦੀ ਹੈ । ਸੁੱਕੇ ਮੇਵੇ ਬਾਜ਼ਾਰ ਵਿੱਚ ਵੱਡੇ ਮਿਕਦਾਰ ਵਿੱਚ ਮਿਆਦ ਨਿਕਲੇ ਇਨ੍ਹਾਂ ਦਿਨਾਂ ਵਿੱਚ ਵੇਚੇ ਜਾਂਦੇ ਹਨ ਜੋ ਬਿਨ੍ਹਾਂ ਖੋਲ੍ਹੇ ਕਈ ਕਈ ਹੱਥਾਂ 'ਚ ਅੱਗਿਓਂ ਚਲੇ ਜਾਂਦੇ ਹਨ । ਅਖੀਰ ਨੂੰ ਸਮਾਂ ਪੈਣ ਤੇ ਕਿਉਂ ਕਿ ਖਾਣ ਨੂੰ ਬਹੁਤ ਚੀਜ਼ਾਂ ਹੁੰਦੀਆਂ ਹਨ , ਇਹ ਚੀਜ਼ਾਂ ਸੁੰਡੀ / ਕੀੜੇ ਪੈਣ ਕਾਰਨ ਛੁੱਟਣੇ ਪੈਂਦੇ ਹਨ ।ਇਸ ਲਈ ਲੋਕਾਂ ਨੂੰ ਧਿਆਨ ਨਾਲ ਪਰਖ ਕੇ ਜਾਂ ਬਾਅਦ 'ਚ ਇਨ੍ਹਾਂ ਚੀਜ਼ਾਂ ਦੀ ਖਰੀਦਦਾਰੀ ਕਰਨੀ ਚਾਹੀਦੀ ਹੈ ।ੱਮਾਸਹਾਰੀ ਲੋਕ ਤਿਉਹਾਰਾਂ ਨੂੰ ਮੀਟ ਖਾਣ ਨੂੰ ਤਰਜੀਹ ਦਿੰਦੇ ਹਨ ।ਇਨ੍ਹਾ ਦਿਨਾਂ ਵਿੱਚ ਮੁਰਗੀਆਂ ਦੀ ਜੋ ਜ਼ਿੰਦਗੀ ਜੋ ਹੁੰਦੀ ਹੈ ਨਾ ਮਰਿਆ 'ਚ ਨਾ ਜਿਊਂਦਿਆਂ ਵਾਲੀ ਹੁੰਦੀ ਹੈ । ਇਨ੍ਹਾਂ ਜੀਵਾਂ ਨੂੰ ਭੁੱਖੇ ਗੱਡੀਆਂ ਵਿੱਚ ਤੁੰਨ ਕੇ ਲੱਦਿਆ ਹੁੰਦਾ ਹੈ । ਕਈ ਇਨ੍ਹਾਂ ਜਾਨਵਰਾਂ ਨੂੰ ਉੱਡਣ ਦੇ ਡਰੋਂ ਪੁੱਠਿਆਂ ਨੂੰ ਪੈਰਾਂ ਤੋਂ ਬੰਨ ਕੇ ਆਟੋ , ਮੋਟਰ ਸਾਈਕਲ ਆਦਿ ਉੱਪ ਇੱਧਰ ਉੱਧਰ ਸਪਲਾਈ ਕਰਦੇ ਦੇਖੇ ਜਾਂਦੇ ਹਨ । ਇਨ੍ਹਾਂ ਨੂੰ ਮੀਟ ਵਿਕਰੇਤਾ ਦੁਕਾਨ ਮੂਹਰੇ ਡੱਬਿਆਂ ਵਿੱਚ ਧੁੱਪੇ ਹੀ ਬੰਦ ਕਰਕੇ ਉਨ੍ਹਾਂ ਦੀ ਵਾਰੀ ਆਉਣ ਤੱਕ ਨੱਪੀ ਰੱਖਦੇ ਹਨ ਜੋ ਇਸ ਤਰ੍ਹਾਂ ਇਹ ਜੀਵ ਮਾਰੇ ਜਾਣ ਤੋਂ ਪਹਿਲਾਂ ਕਈ ਬਿਮਾਰੀਆਂ ਨਾਲ ਗ੍ਰਸ਼ਤ ਹੋ ਜਾਂਦੇ ਹਨ ।ਕਈ ਮੀਟ ਲਈ ਵਰਤੇ ਜਾਂਦੇ ਜਾਨਵਰ ਕਈ ਬਿਮਾਰੀਆਂ ਤੋਂ ਗ੍ਰਸ਼ਤ ਹੁੰਦੇ ਹਨ ਉਨ੍ਹਾਂ ਨੂੰ ਵੀ ਵੇਚ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾਂਦਾ ਹੈ ।ਪੈਸੇ ਦੀ ਬਰਬਾਦੀ ਵੱਖਰੀ ਹੁੰਦੀ ਹੈ । ਜੀਭ ਦੇ ਸੁਆਦ ਲਈ ਐਵੇਂ ਆਂਪਣੀ ਜ਼ਿੰਦਗੀ ਨੂੰ ਜੋਖਿਮ ਵਿੱਚ ਪਾਉਣ ਦੀ ਵਜਾਇ ਆਪਣੇ ਘਰੇ ਹੀ ਖਾਣ ਪੀਣ ਦੀਆਂ ਚੀਜ਼ਾਂ ਤਿਆਰ ਕਰ ਸਕਦੇ ਹੋ , ਥੋੜੀ ਮਿਹਨਤ ਤਾਂ ਕਰਨੀ ਪਵੇਗੀ ਪਰ ਸੁਆਦ ਬੜਾ ਆਵੇਗਾ । ਤਿੰਨ ਚਾਰ ਦਹਾਕੇ ਪਹਿਲਾਂ ਅੱਜ ਵਾਂਗ ਬਾਜ਼ਾਰ ਦੀਆਂ ਚੀਜ਼ਾਂ ਖ਼੍ਰਿਦਣ ਦਾ ਰਿਵਾਜ਼ ਨਹੀਂ ਸੀ ਸਗੋਂ ਘਰ ਹੀ ਦਿਵਾਲੀ ਤੋਂ ਕਈ ਦਿਨ ਪਹਿਲਾਂ ਖੋਆ ਤਿਆਰ ਕਰਨਾ , ਲੱਡੂ ਗੁਆਂਢੀਆਂ ਨਾਲ ਮਿਲ ਬਣਾ ਲੈਣੇ , ਮੱਠੀਆਂ ਬਗੈਰਾ ਬਣਾ ਕੇ ਘੱਟੋ ਘੱਟ ਵੀਹ ਦਿਨਾਂ ਤੋਂ ਵੱਧ ਦਾ ਸਾਮਾਨ ਬਣ ਜਾਂਦਾ ਜੋ ਬੜੇ ਸੁਆਦ ਨਾਲ ਪਰਿਵਾਰਕ ਮੈਂਬਰ , ਬੱਚੇ , ਬੁੱਢੇ ਖਾਦੇ ਰਹਿੰਦੇ ।ਇਸ ਤਰ੍ਹਾਂ ਦੇ ਪਕਵਾਨਾਂ ਨਾਲ ਕੋਈ ਬਿਮਾਰੀ ਆਦਿ ਦਾ ਡਰ ਵੀ ਨਹੀਂ ਸੀ ਹੁੰਦਾ , ਹੁਣ ਤਾਂ ਤਿਉਹਾਰ ਤੋਂ ਬਾਅਦ ਡਾਕਟਰਾਂ ਕੋਲ ਮਰੀਜ਼ਾਂ ਦੀ ਭੀੜ ਲੱਗ ਜਾਂਦੀ ਹੈ ਕਿਉਂ ਕਿ ਖਾਣ ਪੀਣ ਸਹੀ ਨਹੀਂ ਖਾਧਾ ਜਾਂਦਾ ।ਸੋ ਅੱਜ ਵੀ ਸਾਨੂੰ ਘਰ ਦੀਆਂ ਚੀਜ਼ਾਂ ਖਾਣ ਨੂੰ ਤਰਜੀਹ ਦੇਣੀ ਚਾਹੀਦੀ ਤਾਂ ਕਿ ਅਸੀਂ ਸਵੱਸਥ ਰਹਿ ਸਕੀਏ ।

## ਹਾਸੇ ਰਾਹੀਂ ਸਮਾਜ ਨੂੰ ਸ਼ੀਸ਼ਾ ਦਿਖਾਉਣ ਵਾਲੀ ਕਲਮ ਦਾ ਸਾਫ਼ ਦਰਪਣ – ਰਮੇਸ਼ ਗਰਗ

ਵਰਲਡ ਪੰਜਾਬੀ ਟਾਈਮਜ਼
ਮੰਗਤ ਗਰਗ

ਪ੍ਰਸਤਾਵਨਾ

ਪੰਜਾਬੀ ਸਾਹਿਤ ਦੀ ਵਿਸ਼ਾਲ ਦੁਨੀਆ ਵਿੱਚ ਹਾਸੇ ਤੇ ਵਿਅੰਗ ਦਾ ਇੱਕ ਅਹਿਮ ਤੇ ਅਦਿੱਖਾ ਪੱਖ ਹੈ,
ਜਿਸ ਨੂੰ ਸਿਰਫ਼ ਮਨੋਰੰਜਨ ਨਹੀਂ, ਬਲਕਿ ਚਿੰਤਨ ਦਾ ਸਰੋਤ ਮੰਨਿਆ ਗਿਆ ਹੈ।
ਇਸ ਖੇਤਰ ਵਿੱਚ ਰਮੇਸ਼ ਗਰਗ ਦਾ ਨਾਮ ਉਹਨਾਂ ਚੁਣਿੰਦੇ ਲੇਖਕਾਂ ਵਿੱਚ ਸ਼ਾਮਲ ਹੈ ਜਿਨ੍ਹਾਂ ਨੇ ਹਾਸੇ ਦੀ ਮਿੱਠਾਸ ਵਿੱਚ ਸੱਚਾਈ ਦੀ ਕੜਵਾਹਟ ਮਿਲਾ ਕੇ
ਸਮਾਜ ਨੂੰ ਆਪਣੇ ਆਪ ਨਾਲ ਰੂਬਰੂ ਕਰਵਾਇਆ।

ਉਨ੍ਹਾਂ ਨੇ ਵਿਅੰਗ ਨੂੰ ਕੇਵਲ ਹੱਸਾਉਣ ਦਾ ਸਾਧਨ ਨਹੀਂ ਬਣਾਇਆ,
ਸਗੋਂ ਉਸਨੂੰ ਸਮਾਜਕ ਬਦਲਾਅ ਦੀ ਤਾਕਤ ਬਣਾਇਆ।
ਉਨ੍ਹਾਂ ਦੀ ਕਲਮ ਹਾਸੇ ਦੀ ਓਟ ਵਿੱਚ ਉਹ ਸਚਾਈਆਂ ਬਿਆਨ ਕਰਦੀ ਹੈ
ਜਿਨ੍ਹਾਂ ਨੂੰ ਲੋਕ ਆਮ ਤੌਰ 'ਤੇ ਸੁਣਨਾ ਨਹੀਂ ਚਾਹੁੰਦੇ।

ਰਮੇਸ਼ ਗਰਗ ਦੀ ਲਿਖਤ ਵਿੱਚ ਹਾਸਾ, ਦਰਦ ਅਤੇ ਚਿੰਤਨ — ਤਿੰਨੋ ਇਕੱਠੇ ਵਸਦੇ ਹਨ।
ਉਹ ਹੱਸਾਉਂਦੇ ਵੀ ਹਨ, ਪਰ ਉਸ ਹਾਸੇ ਦੇ ਅੰਦਰ ਇਕ ਤੀਖ਼ੀ ਚੋਟ ਛੁਪੀ ਹੁੰਦੀ ਹੈ
ਜੋ ਮਨੁੱਖ ਦੇ ਮਨ ਤੇ ਸਮਾਜਕ ਚਿਹਰੇ ਦੋਵਾਂ 'ਤੇ ਨਿਸ਼ਾਨ ਛੱਡ ਜਾਂਦੀ ਹੈ।

ਜੀਵਨ ਤੇ ਰਚਨਾਤਮਕ ਯਾਤਰਾ

ਰਮੇਸ਼ ਗਰਗ ਦਾ ਪੂਰਾ ਨਾਮ ਰਮੇਸ਼ ਕੁਮਾਰ ਗਰਗ ਹੈ।
ਉਹ ਪੰਜਾਬ ਦੇ ਇੱਕ ਸਧਾਰਣ ਪਰਿਵਾਰ ਵਿੱਚ ਜੰਮੇ। ਬਚਪਨ ਤੋਂ ਹੀ ਕਿਤਾਬਾਂ ਨਾਲ ਦੋਸਤੀ ਨੇ ਉਨ੍ਹਾਂ ਨੂੰ ਸ਼ਬਦਾਂ ਦਾ ਸ਼ੌਕੀਨ ਬਣਾ ਦਿੱਤਾ।
ਉਨ੍ਹਾਂ ਦੀ ਦਿਲਚਸਪੀ ਕੇਵਲ ਕਹਾਣੀਆਂ ਤਕ ਸੀਮਿਤ ਨਹੀਂ ਰਹੀ;
ਉਹ ਹਮੇਸ਼ਾਂ ਉਹਨਾਂ ਵਿਸ਼ਿਆਂ ਨੂੰ ਛੂਹਣਾ ਚਾਹੁੰਦੇ ਸਨ ਜਿੱਥੇ ਸੱਚਾਈ ਅਤੇ ਹਾਸਾ ਇਕੱਠੇ ਟਕਰਾਉਂਦੇ ਹਨ।

ਗਰਗ ਜੀ ਨੇ ਆਪਣੀ ਲਿਖਤ ਰਾਹੀਂ ਰੋਜ਼ਾਨਾ ਜੀਵਨ ਦੇ ਉਹ ਪੱਖ ਚੁਣੇ ਜਿੱਥੇ ਮਨੁੱਖੀ ਕਿਰਦਾਰ ਆਪਣੀ ਅਸਲੀ ਸੂਰਤ ਦਿਖਾਉਂਦਾ ਹੈ।
ਉਨ੍ਹਾਂ ਦੀਆਂ ਰਚਨਾਵਾਂ ਸਿਰਫ਼ ਕਿਸੇ ਇਕ ਵਰਗ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ,
ਸਗੋਂ ਪੂਰੇ ਸਮਾਜ ਦਾ ਦਰਪਣ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ "ਹਾਸਾ ਉਹੀ ਅਸਲ ਹੁੰਦਾ ਹੈ ਜੋ ਸੱਚਾਈ ਦੇ ਨੇੜੇ ਹੋਵੇ, ਝੂਠੇ ਹਾਸੇ ਨਾਲ ਸਿਰਫ਼ ਆਵਾਜ਼ ਹੁੰਦੀ ਹੈ, ਅਰਥ ਨਹੀਂ।"
ਇਹੀ ਦਰਸ਼ਨ ਉਨ੍ਹਾਂ ਦੇ ਹਰ ਲੇਖ ਤੇ ਕਹਾਣੀ ਦੀ ਰਗ-ਰਗ ਵਿੱਚ ਵੱਸਦਾ ਹੈ।

ਮੁੱਖ ਰਚਨਾਵਾਂ

ਰਮੇਸ਼ ਗਰਗ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਹਨ —

ਲੈਪਟਾਪ

ਪਛਤਾਵਾ

ਡਾਕਟਰ ਤੇ ਨਰਸ

ਭੁਲੇਖਾ

ਇਨ੍ਹਾਂ ਰਚਨਾਵਾਂ ਵਿੱਚ ਉਹਨਾਂ ਨੇ ਸਮਾਜ ਦੇ ਵੱਖ-ਵੱਖ ਪੱਖਾਂ ਨੂੰ ਹਾਸੇ ਦੀ ਪਰਤ ਹੇਠੋਂ ਬੇਨਕਾਬ ਕੀਤਾ ਹੈ।
"ਲੈਪਟਾਪ" ਵਿੱਚ ਉਹ ਆਧੁਨਿਕਤਾ ਦੇ ਨਾਮ 'ਤੇ ਮਨੁੱਖੀ ਸੰਬੰਧਾਂ ਦੇ ਮਸ਼ੀਨੀ ਬਣਨ ਉੱਤੇ ਵਿਅੰਗ ਕਰਦੇ ਹਨ,
ਜਦਕਿ "ਡਾਕਟਰ ਤੇ ਨਰਸ" ਵਿੱਚ ਪੇਸ਼ੇਵਰ ਇਮਾਨਦਾਰੀ ਦੇ ਨਾਟਕ ਦਾ ਪਟਾਖਾ ਫੁੱਟਦਾ ਹੈ।
"ਪਛਤਾਵਾ" ਅਤੇ "ਭੁਲੇਖਾ" ਵਿੱਚ ਮਨੁੱਖੀ ਮਨ ਦੀ ਨਰਮੀ, ਉਸ ਦੀ ਕਮਜ਼ੋਰੀ ਅਤੇ ਸਮਾਜਕ ਦਬਾਅ ਦਾ ਗਹਿਰਾ ਵਿਸ਼ਲੇਸ਼ਣ ਹੈ।

ਰਮੇਸ਼ ਗਰਗ ਦੀ ਰਚਨਾਵਾਂ ਦੀ ਖਾਸੀਅਤ ਇਹ ਹੈ ਕਿ ਉਹਨਾਂ ਦੇ ਵਿਸ਼ੇ ਸਧਾਰਣ ਹਨ ਪਰ ਉਨ੍ਹਾਂ ਦੀ ਪੇਸ਼ਕਾਰੀ ਬਹੁਤ ਅਸਧਾਰਣ ਹੈ।
ਉਹ ਆਮ ਘਟਨਾਵਾਂ ਵਿੱਚੋਂ ਵਿਅੰਗ ਖੋਜਦੇ ਹਨ — ਜਿੱਥੇ ਹੋਰ ਲੇਖਕ ਗੁਜ਼ਰ ਜਾਂਦੇ ਹਨ,
ਉਥੇ ਗਰਗ ਜੀ ਠਹਿਰ ਕੇ ਚਿੰਤਨ ਕਰਦੇ ਹਨ।

ਵਿਅੰਗ ਦੀ ਵਿਲੱਖਣ ਸ਼ੈਲੀ

ਰਮੇਸ਼ ਗਰਗ ਦੀ ਵਿਅੰਗ ਸ਼ੈਲੀ ਦਾ ਸਭ ਤੋਂ ਵੱਡਾ ਗੁਣ ਹੈ — ਮਿੱਠੇ ਹਾਸੇ ਵਿੱਚ ਛੁਪਿਆ ਸਚ।
ਉਨ੍ਹਾਂ ਦੀ ਲਿਖਤ ਸਿੱਧੀ ਹੈ ਪਰ ਪ੍ਰਭਾਵ ਡੂੰਘਾ।
ਉਹ ਕਦੇ ਵੀ ਕਿਸੇ ਵਿਅਕਤੀ 'ਤੇ ਹਾਸਾ ਨਹੀਂ ਕਰਦੇ;
ਉਹ ਹਮੇਸ਼ਾਂ ਪਰਿਸਥਿਤੀ, ਸੋਚ ਤੇ ਪ੍ਰਵਿਰਤੀ ਉੱਤੇ ਚੋਟ ਕਰਦੇ ਹਨ।

ਉਨ੍ਹਾਂ ਦੇ ਵਿਅੰਗਾਂ ਵਿੱਚ ਹਾਸਾ ਮਨੋਰੰਜਨ ਲਈ ਨਹੀਂ,
ਸਗੋਂ ਚਿੰਤਨ ਤੇ ਆਤਮ-ਮੁਲਾਂਕਣ ਲਈ ਪ੍ਰੇਰਿਤ ਕਰਨ ਲਈ ਹੁੰਦਾ ਹੈ।

ਉਨ੍ਹਾਂ ਦੀ ਭਾਸ਼ਾ ਸਧਾਰਣ, ਬੋਲਚਾਲੀ ਤੇ ਆਮ ਪੰਜਾਬੀ ਜੀਵਨ ਦੇ ਨਜ਼ਦੀਕ ਹੈ।
ਉਨ੍ਹਾਂ ਦੀ ਵਿਅੰਗ-ਕਲਾ ਦਾ ਅਸਲ ਜਾਦੂ ਇਹ ਹੈ ਕਿ ਪਾਠਕ ਪਹਿਲਾਂ ਹੱਸਦਾ ਹੈ ਅਤੇ ਫਿਰ
ਉਸ ਹਾਸੇ ਦੇ ਅੰਦਰੋਂ ਉੱਠਦੇ ਸਵਾਲ ਉਸਨੂੰ ਸੋਚਣ ਲਈ ਮਜਬੂਰ ਕਰਦੇ ਹਨ।

ਕਈ ਵਾਰ ਉਨ੍ਹਾਂ ਦਾ ਹਾਸਾ ਇੰਨਾ ਨਰਮ ਹੁੰਦਾ ਹੈ ਕਿ ਪਾਠਕ ਨੂੰ ਚੋਟ ਦਾ ਅਹਿਸਾਸ
ਦਿਲ ਤੱਕ ਪਹੁੰਚਣ 'ਤੇ ਹੁੰਦਾ ਹੈ। ਇਹੀ ਉਨ੍ਹਾਂ ਦੀ ਵਿਅੰਗਕਲਾ ਦਾ ਸੌਂਦਰਯ ਹੈ।

ਸਮਾਜਕ ਚੇਤਨਾ ਤੇ ਦਰਸ਼ਨ

ਰਮੇਸ਼ ਗਰਗ ਦੇ ਵਿਅੰਗਾਂ ਵਿੱਚ ਡੂੰਘੀ ਸਮਾਜਕ ਚੇਤਨਾ ਵੱਸਦੀ ਹੈ।
ਉਨ੍ਹਾਂ ਦੀ ਲਿਖਤ ਵਿੱਚ ਮਨੁੱਖੀ ਵਿਵਹਾਰ ਦੀ ਮਨੋਵਿਗਿਆਨਕ ਸਮਝ ਹੈ।
ਉਹ ਸਿਰਫ਼ ਵਿਅੰਗਕਾਰ ਨਹੀਂ, ਸਗੋਂ ਸਮਾਜ-ਵੇਤਾ ਤੇ ਮਨੋਚਿੰਤਕ ਵੀ ਹਨ।

ਉਨ੍ਹਾਂ ਦੇ ਵਿਅੰਗਾਂ ਵਿੱਚ ਸ਼ਾਸਕਾਂ ਦੀ ਬੇਪਰਵਾਹੀ, ਸਿੱਖਿਆ ਪ੍ਰਣਾਲੀ ਦੀ ਖੋਖਲੀ ਹਕੀਕਤ,
ਮੌਜੂਦਾ ਸਮਾਜ ਦੀ ਦੋਹਰੀ ਨੈਤਿਕਤਾ ਤੇ ਮਨੁੱਖੀ ਲਾਲਚ ਦੀ ਖੁਲ੍ਹੀ ਪੋਲ ਦਿਖਾਈ ਦਿੰਦੀ ਹੈ।
ਪਰ ਇਹ ਸਾਰਾ ਵਿਸ਼ਲੇਸ਼ਣ ਕਦੇ ਕਠੋਰ ਨਹੀਂ ਲੱਗਦਾ,
ਕਿਉਂਕਿ ਉਹ ਇਸਨੂੰ ਹਾਸੇ ਦੇ ਰੰਗਾਂ ਵਿੱਚ ਰੰਗ ਕੇ ਪੇਸ਼ ਕਰਦੇ ਹਨ।

ਉਨ੍ਹਾਂ ਦਾ ਵਿਅੰਗ ਕਦੇ ਵਿਨਾਸ਼ਕਾਰੀ ਨਹੀਂ —
ਉਹ ਹਮੇਸ਼ਾਂ ਸੁਧਾਰ ਦੀ ਆਸ ਨਾਲ ਲਿਖਦੇ ਹਨ।
ਉਨ੍ਹਾਂ ਦੀ ਕਲਮ ਕੜਵਾਹਟ ਨਹੀਂ ਪੈਦਾ ਕਰਦੀ,
ਬਲਕਿ ਸੋਚਣ ਲਈ ਪ੍ਰੇਰਨਾ ਦਿੰਦੀ ਹੈ।

ਰਮੇਸ਼ ਗਰਗ ਦਾ ਪੰਜਾਬੀ ਸਾਹਿਤ ਵਿੱਚ ਯੋਗਦਾਨ

ਰਮੇਸ਼ ਗਰਗ ਨੇ ਪੰਜਾਬੀ ਵਿਅੰਗ ਨੂੰ ਇਕ ਨਵੀਂ ਪਹਿਚਾਣ ਦਿੱਤੀ।
ਉਨ੍ਹਾਂ ਨੇ ਇਹ ਸਾਬਤ ਕੀਤਾ ਕਿ ਵਿਅੰਗ ਸਿਰਫ਼ ਹਾਸੇ ਦੀ ਸ਼ੈਲੀ ਨਹੀਂ,
ਬਲਕਿ ਸਮਾਜਕ ਸੁਧਾਰ ਦਾ ਪ੍ਰਭਾਵਸ਼ਾਲੀ ਹਥਿਆਰ ਹੈ।

ਉਨ੍ਹਾਂ ਦੀ ਲਿਖਤ ਨੇ ਨਵੇਂ ਲੇਖਕਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਵੀ ਹਾਸੇ ਦੀ ਓਟ ਵਿੱਚ
ਸਮਾਜ ਦੇ ਸੱਚ ਨੂੰ ਬੇਨਕਾਬ ਕਰਨ ਦੀ ਹਿੰਮਤ ਰੱਖਣ।

ਰਮੇਸ਼ ਗਰਗ ਦਾ ਵਿਅੰਗ "ਸੋਚਦੇ ਹਾਸੇ" ਦਾ ਪ੍ਰਤੀਕ ਹੈ —
ਜਿਸ ਵਿੱਚ ਹਾਸੇ ਦੇ ਨਾਲ ਦਰਦ, ਚਿੰਤਨ ਅਤੇ ਮਨੁੱਖੀ ਸੰਵੇਦਨਾ ਦੇ ਰੰਗ ਮੌਜੂਦ ਹਨ।

ਉਹਨਾਂ ਦੀ ਕਲਮ ਇੱਕ ਐਸਾ ਆਇਨਾ ਹੈ ਜਿਸ ਵਿੱਚ
ਪਾਠਕ ਨੂੰ ਨਾ ਸਿਰਫ਼ ਸਮਾਜ ਦਾ, ਬਲਕਿ ਆਪਣੇ ਆਪ ਦਾ ਵੀ ਚਿਹਰਾ ਦਿਖਾਈ ਦਿੰਦਾ ਹੈ।

ਨਿਸ਼ਕਰਸ਼

ਰਮੇਸ਼ ਗਰਗ ਨੇ ਆਪਣੀ ਕਲਮ ਰਾਹੀਂ ਪੰਜਾਬੀ ਵਿਅੰਗ ਨੂੰ ਉੱਚ ਸਾਹਿਤਕ ਮਰਿਆਦਾ 'ਤੇ ਪਹੁੰਚਾਇਆ।
ਉਨ੍ਹਾਂ ਨੇ ਦੱਸਿਆ ਕਿ ਹਾਸਾ ਸਿਰਫ਼ ਹੱਸਾਉਣ ਲਈ ਨਹੀਂ,
ਬਲਕਿ ਸਚਾਈ ਨੂੰ ਸੁੰਦਰਤਾ ਨਾਲ ਕਹਿਣ ਦਾ ਸਭ ਤੋਂ ਪ੍ਰਭਾਵਸ਼ਾਲੀ ਢੰਗ ਹੈ।

ਕੇ.ਐਲ. ਗਰਗ ਤੋਂ ਬਾਅਦ ਰਮੇਸ਼ ਗਰਗ ਨੇ ਵਿਅੰਗ ਦੇ ਖੇਤਰ ਵਿੱਚ ਉਹ ਪੱਧਰ ਹਾਸਲ ਕੀਤਾ
ਜੋ ਪੰਜਾਬੀ ਸਾਹਿਤ ਲਈ ਮਾਣ ਦੀ ਗੱਲ ਹੈ।

ਉਨ੍ਹਾਂ ਦੀ ਲਿਖਤ ਸਾਨੂੰ ਇਹ ਸਿੱਖਾਉਂਦੀ ਹੈ ਕਿ —

"ਹੱਸਦੇ ਹੋਏ ਵੀ ਸਚ ਕਹਿਣਾ, ਇਹੀ ਸਭ ਤੋਂ ਵੱਡੀ ਕਲਾ ਹੈ।"

ਰਮੇਸ਼ ਗਰਗ ਦਾ ਨਾਮ ਹਮੇਸ਼ਾਂ ਪੰਜਾਬੀ ਵਿਅੰਗ ਸਾਹਿਤ ਦੇ ਸੁਵਰਨ ਅੱਖਰਾਂ ਵਿੱਚ ਦਰਜ ਰਹੇਗਾ —
ਇੱਕ ਐਸਾ ਲੇਖਕ ਜਿਸ ਨੇ ਹਾਸੇ ਨੂੰ ਚਿੰਤਨ ਦਾ ਸਾਧਨ ਬਣਾਇਆ,
ਤੇ ਕਲਮ ਨੂੰ ਸਚਾਈ ਦਾ ਸ਼ੀਸ਼ਾ।